ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,
ਪਲਾਟ ਨੰ:1-ਬੀ, ਸੈਕਟਰ-27 ਏ, ਚੰਡੀਗੜ੍ਹ ।

ਵੱਲੋ

ਮੁੱਖ ਕਾਰਜਕਾਰੀ ਅਫਸਰ

ਵੱਲ

ਮੁੱਖ ਇੰਜੀਨੀਅਰ (ਦੱਖਣ),
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰ: ਪਵਸਸਬ-2018/ਕੁ.ਕੰ/ 6594 ਮਿਤੀ: 17/4/18

ਵਿਸਾ:- **ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ 21-3-18 ਨੂੰ ਮਾਨਸਾ ਮੰਡਲ ਦੇ ਕੰਮ ਚੈਕ ਕਰਨ ਸਬੰਧੀ।**

ਮਾਨਯੋਗ ਇੰਜੀਨੀਅਰ ਇੰਨ ਚੀਫ-ਕਮ-ਤਕਨੀਕੀ ਸਲਾਹਕਾਰ ਜੀ ਦੇ ਹੁਕਮਾਂ ਮੁਤਾਬਿਕ ਨਿਗਰਾਨ ਇੰਜੀਨੀਅਰ (ਕੁ:ਕੰ) ਅਤੇ ਕਾਰਜਕਾਰੀ ਇੰਜੀਨੀਅਰ (ਕੁ:ਕੰ) ਵਲੋਂ ਮਿਤੀ 21-3-18 ਨੂੰ ਮਾਨਸਾ ਦੇ ਕੰਮਾਂ ਦੀ ਇੰਸਪੈਕਸ਼ਨ ਕੀਤੀ ਗਈ। ਚੈਕਿੰਗ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

<u>ਤੁਰੰਤ ਧਿਆਨ ਦੇਣ ਨੁਕਤੇ</u>

**A) Town: Budhlada**

1. ਬੁਢਲਾਡਾ ਵਿਖੇ ਗਲੀ ਨਿਅਰ ਮਨੂਵਾਟਿਕਾ ਸਕੂਲ ਬੈਕ ਸਾਈਡ ਵਾਟਰ ਵਰਕਸ ਸੀਵਰੇਜ਼ ਦਾ ਕੰਮ ਚਲ ਰਿਹਾ ਸੀ, ਸੀਵਰ ਲਈ ਬੈਡ ਪਾਇਆ ਜਾ ਰਿਹਾ ਸੀ, ਮੋਕੇ ਤੇ ਜ਼ੋ ਪੁਟਾਈ ਕੀਤੀ ਹੋਈ ਸੀ,ਦੀ ਚੋੜਾਈ 17 ਇੰਚ ground level ਤੋਂ bottom level ਤੱਕ ਕੀਤੀ ਹੋਈ ਸੀ, ਜ਼ੋ ਕਿ specification ਮੁਤਾਬਿਕ ਠੀਕ ਨਹੀ ਹੈ।ਇਸਲਈ ਸਬੰਧਤ ਪੁਆਇੰਟ ਤੇ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਸਬੰਧਤ ਉਪ ਮੰਡਲ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਦੀ ਜੁਆਬ ਤਲਬੀ ਕੀਤੀ ਜਾਵੇ।
2. ਮੋਕੇ ਤੇ ਮਿਕਚਰ ਬਿਨਾਂ ਬੱਕਟ ਤੋ ਸੀ। ਇਸਲਈ ਫਰਮ ਵਿਰੁੱਧ ਬਣਦੀ ਕਾਰਵਾਈ ਕਰਕੇ ਰਿਪੋਰਟ ਭੇਜੀ ਜਾਵੇ ਜੀ।
3. ਬੈਕ ਸਾਈਡ ਵਾਟਰ ਵਰਕਸ ਨਿਅਰ ਨਿਊ ਚਿਰਾਗ ਬਿਊਟੀ ਪਾਰਲਰ ਮੈਨਹੋਲ ਵਿਚ SW ਪਾਈਪ ਛੱਡੀ ਹੋਈ ਸੀ, ਜ਼ੋ ਕਿ ਕੱਟੀ ਨਹੀ ਗਈ ਸੀ ਅਤੇ ਮੈਨਹੋਲ ਮਲਵੇ ਨਾਲ ਭਰਿਆ ਹੋਇਆ ਸੀ ਅਤੇ ਇਸ ਮੈਨਹੋਲ ਦੀ ਮੂੰਹ ਦੀ ਫੀਨਿਸ਼ ਠੀਕ ਨਹੀ ਸੀ।
4. ਬੈਕ ਸਾਈਡ ਵਾਟਰ ਵਰਕਸ ਸੀਵਰ ਲੇ ਹੋ ਚੁੱਕਾ ਹੈ, ਇਸ ਲਾਈਨ ਨੂੰ ਤੁਰੰਤ ਕਮੀਸ਼ਨ ਕਰਕੇ ਕੂਨੇਕਸ਼ਨ ਦਿੱਤੇ ਜਾਣ।
5. ਧਰਮਸ਼ਾਲਾ ਵਾਰਡ ਨੰ 6, ਮੈਨਹੋਲ ਗਰਾਉਂਡ ਲੈਵਲ ਦੇ ਹਿਸਾਬ ਨਾਲ ਕਾਫੀ ਉਚੇ ਬਣਾਏ ਗਏ ਹਨ।
6. ਬੁਢਲਾਡਾ ਵਿਖੇ ਵ/ਸ ਦਾ ਸਕੋਪ ਮੁਕੰਮਲ ਹੋ ਗਿਆ ਹੈ ਅਤੇ 80% ਵ/ਸ ਕਮੀਸ਼ਨ ਹੋ ਚੁਕੀ ਹੈ ਅਤੇ 20% ਹੋਣੀ ਰਹਿੰਦੀ ਹੈ।ਲਗੀ ਹੋਈ ਵ/ਸ ਵਿਚ ਹਾਊਸ ਕੂਨੈਕਸ਼ਨ ਬਹੁਤ ਘੱਟ ਹਨ।
7. ਬੁਢਲਾਡਾ ਵਿਖੇ ਰੈਵੇਨਿਊ ਨੂੰ ਵਧਾਉਣ ਲਈ ਜ਼ੋਨ ਵਾਈਜ/ਵਾਰਡ ਵਾਈਜ ਹਾਊਸ ਕੂਨੈਕਸ਼ਨ ਦਾ ਸਰਵੇ ਕਰਵਾਇਆ ਜਾਵੇ।
8. ਬੁਢਲਾਡਾ MC Limit ਵੱਧਣ ਕਰਕੇ ਰੂਰਲ ਏਰੀਆ ਜ਼ੋ ਪਹਿਲਾਂ ਰੂਰਲ ਸਕੀਮ ਵਿਚ ਆਉਂਦਾ ਸੀ ਹੁਣ ਨਗਰ ਕੋਂਸਲ ਬੁਢਲਾਡਾ ਦੀ ਹੱਦ ਵਿਚ ਆਉਂਦਾ ਹੈ, ਰੂਰਲ ਵ/ਸ ਸਕੀਮ ਦੇ ਪੁਰਾਣੇ ਏਰੀਅਰ ਨਗਰ ਕੌਂਸਲ ਬੁਢਲਾਡਾ ਨੂੰ ਟਰਾਂਸਫਰ ਕੀਤੇ ਜਾਣੇ ਚਾਹੀਦੇ ਹਨ ਤਾਂ ਜ਼ੋ ਕਿ ਪੈਡਿੰਗ ਏਰੀਅਰ ਕੂਲੈਕਟ ਕੀਤਾ ਜਾ ਸਕੇ।
9. ਫਰਮ ਵਲੋ ਮੋਕੇ ਤੇ Electricity polls ਲਿਆਂਦੇ ਗਏ ਹਨ ਪ੍ਰੰਤੂ ਮੋਕੇ ਤੇ ਕੰਮ ਅਜੇ ਸ਼ੁਰੂ ਨਹੀ ਕੀਤਾ ਗਿਆ।
10. ਬੁਢਲਾਡਾ ਵਿਖੇ ਵ/ਸ ਦਾ ਕੰਮ ਮੁਕੰਮਲ ਹੋ ਗਿਆ ਹੈ, ਪ੍ਰੰਤੂ ਸਲੂਸ ਵਾਲ ਅਤੇ ਫਾਇਰ ਹਾਇਡਰੈਂਟ ਅਜੇ ਤੱਕ ਨਹੀ ਲਗਾਏ ਗਏ।
11. O&M ਦੇ KPI Parameters ਉਤੇ ਕੰਮ ਕੀਤਾ ਜਾਵੇ ਅਤੇ KPI parameters finalize ਕਰਵਾਏ ਜਾਣ।

12. WTP ਪਿੰਡ ਵਾਲੇ ਉਤੇ OLD Pump Chamber Abandon ਹੋ ਚੁੱਕਾ ਹੈ, ਜਿਸ ਨੂੰ demolish ਕਰਕੇ ਨਵਾ ਪੰਪ ਚੈਂਬਰ ਬਣਾਉਣ ਦੀ ਤਜਵੀਜ ਹੈ, ਇਸ ਉਤੇ ਕੰਮ ਕੀਤਾ ਜਾਣਾ ਚਾਹੀਦਾ ਹੈ।

**B) O&M Works WTP Budhlada**

1. ਵਾਟਰ ਵਰਕਸ ਤੇ ਦੋਨੋ ਸਾਈਡ ਤੇ ਗੇਟ ਲਗਣਾ ਚਾਹੀਦਾ ਹੈ ਤਾਂ ਜ਼ੋ ਕਿ ਜਾਨਵਰ ਆਦਿ ਅੰਦਰ ਨਾ ਵੜ ਸਕੇ।
2. ਵਾਟਰ ਵਰਕਸ ਤੇ ਹੈਂਡ ਰੇਲ ਨੂੰ ਬੁਰੀ ਤਰਾ ਜੰਗ ਲਗਿਆ ਹੋਇਆ ਹੈ, ਜਿਸਨੂੰ ਪੇਂਟ ਕਰਨ ਦੀ ਜਰੂਰਤ ਹੈ।
3. ਸਲੂਸ ਵਾਲ ਦੀ ਹੋਦਿਆਂ ਉਤੇ ਕਵਰ ਨਹੀ ਰਖੇ ਹੋਏ ਜ਼ੋ ਕਿ ਰਖੇ ਜਾਣੇ ਚਾਹੀਦੇ ਹਨ।
4. WTP ਤੇ ਜਗਾ ਜਗਾ ਤੇ ਮਿੱਟੀ ਦੇ ਢੇਰ, ਇਟਾਂ ਮਲਵੇ ਦੇ ਢੇਰ, ਜੰਗਲੀ ਬੁਟੀਆ ਆਦਿ ਲਗੀ ਹੋਈ ਹੈ ਜ਼ੋ ਕਿ ਸਾਫ ਕਰਵਾਉਣੀਆਂ ਚਾਹੀਦੀ ਹਨ।
5. ਰਾ ਵਾਟਰ ਫਲੋ ਮੀਟਰ ਖਰਾਬ ਹਨ, OHSR ਪਿਛਲੇ 1.5 ਸਾਲ ਤੋ ਸਾਫ ਨਹੀ ਕੀਤਾ ਗਿਆ, OHSR ਦਾ ਦਰਵਾਜਾ ਖਰਾਬ ਹੋਇਆ ਹੈ, ਜ਼ੋ ਕਿ ਬਲਦਵਾਏ ਜਾਣੇ ਚਾਹੀਦੇ ਹਨ।
6. ਕਲੀਅਰ ਵਾਟਰ ਟੈਂਕ ਦੀ ਹੋਦੀਆਂ ਵਿਚ ਕਾਈ ਜਮੀ ਹੋਈ ਹੈ ਜ਼ੋ ਕਿ ਸਾਫ ਕਰਵਾਈ ਜਾਣੀ ਚਾਹੀਦੀ ਹੈ।

**C) Town Boha**

1. ਮੌਕੇ ਤੇ ਬੈਂਚ ਮਾਰਕ ਨਹੀ ਲਗੇ ਹੋਏ ਸੀ।

**D) Prov WTP 0.25 MGD at Joga**

1. ਜ਼ੋਗਾ ਵਿਖੇ ਅਰਬਨ ਮਿਸ਼ਨ ਤਹਿਤ ਵ/ਸ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਹਾਊਸ ਕੁਨੈਕਸ਼ਨ ਦਾ ਕੰਮ ਵੀ ਮੁਕੰਮਲ ਹੈ, WTP ਦਾ ਕੰਮ ਮੁਕੰਮਲ ਹੈ ਪ੍ਰੰਤੂ WTP ਨੂੰ operate ਨਹੀ ਕੀਤਾ ਜਾ ਰਿਹਾ ਅਤੇ WTP ਬਿਨਾਂ ਨਿਗਰਾਨੀ ਵਿਚ unused ਪਿਆ ਹੈ।
2. ਮੌਕੇ ਤੇ ਵੇਖਿਆ ਗਿਆ ਕਿ ਫਿਲਟਰ ਬੈਡ ਵਿਚ ਪਾਣੀ ਕਾਫੀ ਦਿਨਾਂ ਤੋ ਖੜਾ ਹੋਣ ਕਰਕੇ ਪਾਣੀ ਵਿਚ ਬਦਬੂ ਆ ਰਹੀ ਹੈ, WTP ਤੇ ਸਫਾਈ ਹੋਣ ਵਾਲੀ ਹੈ।
3. ਸਲੂਸ ਵਾਲ ਦੀ ਹੋਦੀਆ ਉਤੇ ਸਲੈਬਾਂ ਅਤੇ ਕਵਰ ਰਖਣੇ ਰਹਿੰਦੇ ਹਨ।
4. WTP ਉਤੇ ਲੈਬ ਬਣੀ ਹੋਈ ਹੈ ਪ੍ਰੰਤੂ ਇਸ ਵਿਚ ਟੈਸਟਿੰਗ equipment fit ਕਰਨਾ ਰਹਿੰਦਾ ਹੈ।
5. ਕਲੀਅਰ ਵਾਟਰ ਰੂਮ ਵਿਚ ਦੀਵਾਰ ਵਿਚ ਸੀਪੇਜ਼ ਹੈ ਅਤੇ ਹੈਡ ਗੇਜ਼ ਅਤੇ ਫਲੋ ਮੀਟਰ ਲਗਣੇ ਰਹਿੰਦੇ ਹਨ।
6. WTP ਤੇ ਜਗਾ ਜਗਾ ਬੁਟੀਆ ਉਗੀਆ ਹਨ ਅਤੇ ਪਲਾਂਟ ਦੀ ਸਫਾਈ ਕਰਵਾਉਣ ਦੀ ਲੋੜ ਹੈ।

<u>ਗੰਭੀਰ ਨੁਕਤੇ</u>

**A) Town: Budhlada**

1. ਏਜੰਸੀ ਵਲੋ WTP ਪਿੰਡ ਬੁਢਲਾਡਾ ਵਿਚ ਬਣ ਰਹੇ OHSR ਦਾ ਕੰਮ ਅਧੂਰਾ ਛਡਿਆ ਗਿਆ ਹੈ, ਜ਼ੋ ਕਿ ਤੁਰੰਤ ਸ਼ੁਰੂ ਕਰਵਾਇਆ ਜਾਣਾ ਚਾਹੀਦਾ ਹੈ।
2. 300mm rising main from drain to WTP Pind Budhlada ਪਈ ਹੋਈ ਹੈ, ਮੌਕੇ ਤੇ ਮਟੀਰੀਅਲ ਪਿਆ ਹੈ ਜ਼ੋ ਕਿ ਪਹਿਲ ਦੇ ਆਧਾਰ ਤੇ ਲਗਾਇਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਲਾਈਨ ਖੇਤਾਂ ਦੇ ਨਾਲ ਨਾਲ ਲਗਕੇ ਜਾਣੀ ਹੈ, ਜਿਆਦਾ ਲੇਟ ਕਰਨ ਦੀ ਸੂਰਤ ਵਿਚ ਕਿਸਾਨਾ ਵਲੋ ਅੜਚਨ ਕੀਤੀ ਜਾ ਸਕਦੀ ਹੈ।

**C) Town Boha**

1. ਮੌਕੇ ਤੇ 400mm SW Sewer ਦਾ ਕੰਮ ਚਲ ਰਿਹਾ ਸੀ, F47 to G43 ਤੇ ਲਗ ਰਹੀ ਪਾਈਪ ਸੀਵਰ 400mm ਦਾ excavation ਦਾ section ਠੀਕ ਨਹੀ ਸੀ ਅਤੇ ਸਾਈਟ ਰੇਲਾਂ ਪ੍ਰੋਪਰ ਨਹੀ ਲਗੀ ਹੋਈ ਸੀ, ਇਸਦੇ ਨਾਲ ਨਾਲ ਪਾਈਪ ਸੀਵਰ ਦੀ alignment ਵੀ ਠੀਕ ਨਹੀ ਸੀ, F47 ਤੇ ਬਣੇ ਮੈਨਹੋਲ ਵਿਚ ਪਾਈਪ ਦੇ ਉਤੇ circular arch ਨਹੀ ਬਣਾਈ ਹੋਈ ਸੀ। SW Pipe ਮੈਨਹੋਲ ਦੇ ਵਿਚ ਛੱਡੀ ਹੋਈ ਸੀ, ਜ਼ੋ ਕਿ ਪ੍ਰੋਪਰ ਕੱਟ ਕੇ ਲਗਾਉਣੀ ਚਾਹੀਦੀ ਸੀ। ਇਹਨਾਂ ਅਣਗਹਿਲੀਆਂ ਲਈ ਸਬੰਧਤ ਉ:ਮੰ:ਇ ਅਤੇ ਜੂ.ਇੰ ਦੀ ਜੁਆਬ ਤਲਬੀ ਕੀਤੀ ਜਾਣੀ ਚਾਹੀਦੀ ਹੈ।
2. ਏਜੰਸੀ ਵਲੋ ਮੌਕੇ ਤੇ STP ਅਤੇ MPS ਦਾ ਕੰਮ ਸ਼ੁਰੂ ਨਹੀ ਕੀਤਾ ਗਿਆ ਜਦੋ ਕਿ ਪਹਿਲਾਂ ਇੰਸਪੈਕਸ਼ਨ 25.1.18 ਦੇ ਦੋਰਾਨ ਏਜੰਸੀ ਨੂੰ MPS ਦਾ ਕੰਮ ਤੁਰੰਤ ਸ਼ੁਰੂ ਕਰਨ ਲਈ ਕਿਹਾ ਗਿਆ ਸੀ, ਕਿਉ ਜ਼ੋ ਬੋਹਾ ਵਿਖੇ ਸੀਵਰੇਜ਼ ਦਾ ਕੰਮ ਚਲ ਰਿਹਾ ਹੈ ਅਤੇ ਤਕਰੀਬਨ 30% ਮੁਕੰਮਲ ਹੋ ਗਿਆ ਹੈ, ਇਸ ਲਈ MPS ਦਾ ਕੰਮ ਪਹਿਲ ਦੇ ਆਧਾਰ

ਤੇ ਸ਼ੁਰੂ ਕਰਵਾਉਣਾ ਚਾਹੀਦਾ ਹੈ ਤਾਂ ਜੋ ਲਗੇ ਹੋਏ ਸੀਵਰ ਨੂੰ ਚਾਲੂ ਕੀਤਾ ਜਾ ਸਕੇ। ਜੇਕਰ ਏਜੰਸੀ ਕੰਮ ਨਹੀ ਕਰਦੀ ਤਾਂ ਐਗਰੀਮੈਂਟ ਦੀਆਂ ਧਾਰਾਵਾਂ ਮੁਤਾਬਿਕ ਕਾਰਵਾਈ ਕੀਤੀ ਜਾਵੇ।

**D) Prov WTP 0.25 MGD at Joga**

1. WTP ਉਤੇ ਬਣੇ ਹੋਏ Alum room ਵਿਚ ਲਗੇ ਹੋਏ rolling shutter ਦੀ ਗੇਜ ਵੇਖੀ ਗਈ ਜੋ ਕਿ ਜੋ ਕਿ DNIT /ਸਪੈਸੀਫਿਕੇਸ਼ਨ ਮੁਤਾਬਿਕ 16 ਗੇਜ਼ ਹੋਣੀ ਚਾਹੀਦੀ ਸੀ ਪ੍ਰੰਤੂ ਮੌਕੇ ਤੇ ਰੋਲਿੰਗ ਸ਼ਟਰ ਦੀ ਗੇਜ਼ ਸਪੈਸੀਫਿਕੇਸ਼ਨ ਤੋ ਘੱਟ ਜਾਪਦੀ ਸੀ, ਇਸ ਲਈ ਰੋਲਿੰਗ ਸ਼ਟਰ ਦੀ ਗੇਜ਼ ਚੈਕ ਕਰਵਾ ਕੇ ਬਣਦੀ ਕਾਰਵਾਈ ਕੀਤੀ ਜਾਵੇ।
2. ਜੋਗਾ ਵਿਖੇ 0.25 MGD ਦਾ WTP ਬਣਾਇਆ ਗਿਆ ਹੈ ਜੋ ਕਿ ਇਸ ਸਮੇ ਕਿਸੇ ਵਲੋ ਵੀ ਚਲਾਇਆ ਨਹੀ ਜਾ ਰਿਹਾ, ਜਿਸ ਕਰਕੇ ਸਰਕਾਰ ਵਲੋ ਲਗਾਏ ਗਏ ਪੈਸਿਆ ਦਾ ਨੁਕਸਾਨ ਹੋ ਰਿਹਾ ਹੈ। ਇਸ ਲਈ WTP ਨੂੰ ਪ੍ਰੋਪਰ ਢੰਗ ਨਾਲ ਬਣਦੀ ਕਾਰਵਾਈ ਕਰਕੇ MC, JOGA ਨੂੰ ਟੇਕ ਓਵਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹਇਆ ਕਰਵਾਇਆ ਜਾ ਸਕੇ ਅਤੇ ਸਰਕਾਰ ਵਲੋ ਖਰਚੇ ਗਏ ਪੈਸਿਆਂ ਦਾ ਲੋਕਾਂ ਨੂੰ ਲਾਭ ਮਿਲ ਸਕੇ।

ਉਪਰੋਕਤ ਤੋ ਇਲਾਵਾ ਮੁੱਖ ਕਾਰਜਕਾਰੀ ਅਫਸਰ ਜੀ ਵਲੋ "Write to concerned officer to immediately do course corrections & also submit explanation" ਬਾਬਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ, ਜਿਸ ਬਾਬਤ ਕਾਰਵਾਈ ਕੀਤੀ ਜਾਵੇ।

ਸ/ ਨਿਗਰਾਨ ਇੰਜੀਨੀਅਰ (ਕੁ: ਕੰ)
ਵਾਸਤੇ ਮੁੱਖ ਕਾਰਜਕਾਰੀ ਅਫਸਰ

ਪਿੱਠ ਅੰਕਣ ਨੰ 6595 ਮਿਤੀ 17/4/18

17/4/18 17/4

ਉਪਰੋਕਤ ਦੀ ਕਾਪੀ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ, ਮਾਨਸਾ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਸ/ ਨਿਗਰਾਨ ਇੰਜੀਨੀਅਰ (ਕੁ: ਕੰ)
ਵਾਸਤੇ ਮੁੱਖ ਕਾਰਜਕਾਰੀ ਅਫਸਰ

17/4/18 17/4